# ਪਵਿੱਤਰ ਆਤਮਾ ਅਤੇ ਮੈਂ

## 1 ਕੁਰਿੰਥੀਆਂ 2:9-16

*ਪਰ ਮੈਂ ਆਖਦਾ ਹਾਂ, ਤੁਸੀਂ ਆਤਮਾ ਦੁਆਰਾ ਚੱਲੋ ਤਾਂ ਸਰੀਰ ਦੇ ਵਿਸ਼ਿਆਂ ਨੂੰ ਕਦੇ ਪੂਰਿਆਂ ਨਾ ਕਰੋਗੇ। ਕਿਉਂ ਜੋ ਸਰੀਰ ਆਤਮਾ ਦੇ ਵਿਰੁੱਧ, ਅਤੇ ਆਤਮਾ ਸਰੀਰ ਦੇ ਵਿਰੁੱਧ ਲੋਚਦਾ ਹੈ ਕਿਉਂ ਜੋ ਇਹ ਇਕ ਦੂਏ ਦੇ ਵਿਰੁੱਧ ਹਨ ਤਾਂ ਜੋ ਤੁਸੀਂ ਜੋ ਚਾਹੁੰਦੇ ਸੋ ਨਾ ਕਰੋ। ਜੇ ਅਸੀਂ ਆਤਮਾ ਦੁਆਰਾ ਜੀਉਂਦੇ ਹਾਂ ਤਾਂ ਆਤਮਾ ਦੁਆਰਾ ਚੱਲੀਏ ਵੀ (ਗਲਾਤੀਆਂ 5:16, 17, 25)।*

ਜ਼ਾਹਿਰ ਹੈ ਕਿ ਬਿਨਾਂ ਪਵਿੱਤਰ ਆਤਮਾ ਦੇ ਰੂਹਾਨੀਅਤ ਨੂੰ ਪਾਇਆ ਨਹੀਂ ਜਾ ਸਕਦਾ। ਪਿਛਲੇ ਪੰਜਾਹਾਂ ਸਾਲਾਂ ਵਿਚ ਲੋਕਾਂ ਦੀ ਦਿਲਚਸਪੀ ਆਤਮਾ ਵਿਚ ਕੁਝ ਜ਼ਿਆਦਾ ਹੀ ਵਧ ਗਈ ਹੈ। ਅੱਜ ਲੋਕ ਇੰਤਹਾ ਤਕ ਜਾ ਪਹੁੰਚੇ ਹਨ। ਆਤਮਾ ਪਾਉਣਾ ਜਾਂ ਤਾਂ (1) ਮਨੁੱਖ ਦੇ ਸੰਪਰਕ ਤੋਂ ਹਟਣਾ ਜਾਂ (2) ''ਸੇਂਟ ਵਾਈਟਸ ਦਾ ਨਾਚ'' ਹੈ। ''ਉਸ ਨੂੰ ਭੁੱਲ ਜਾਓ'' ਅਤੇ ''ਪਾਗਲ ਹੋ ਜਾਓ'' ਦੋਵੇਂ ਹੀ ਢੰਗ ਗਲਤ ਹਨ।

ਆਤਮਾ ਨਾਲ ਸਾਡਾ ਪਹਿਲਾਂ ਤੋਂ ਭਰਪੂਰ ਹੋਣਾ ਆਤਮਾ ਵਿਚ ਸਾਡੇ ਪਰਿਪੱਕ ਹੋਣ ਦਾ ਕਾਰਣ ਨਹੀਂ ਬਣਿਆ ਹੈ। ਕਿਉਂ? ਪਹਿਲੀ ਗੱਲ ਇਹ ਕਿ ਸਾਨੂੰ ਵਚਨ ਦਾ ਗਿਆਨ ਨਹੀਂ ਹੁੰਦਾ, ਅਤੇ ਦੂਜੀ ਇਹ ਕਿ ਸਾਨੂੰ ਇਸਦੀ ਕੋਈ ਸਮਝ ਨਹੀਂ ਹੈ। ਸਦੂਕੀਆਂ ਵੱਲੋਂ ਇਹ ਪੁੱਛੇ ਜਾਣ ਤੇ, ਯਿਸੂ ਨੇ ਜਵਾਬ ਦਿੱਤਾ ਸੀ, ''ਤੁਸੀਂ ਕਿਤਾਬਾਂ *[ਬਾਈਬਲ]* ਅਰ ਪਰਮੇਸ਼ੁਰ ਦੀ ਸਮਰੱਥਾ ਨੂੰ *[ਦਾ ਮਤਲਬ]* ਨਾ ਜਾਣ ਕੇ ਭੁੱਲ ਵਿਚ ਪਏ ਹੋ'' (ਮੱਤੀ 22:23-32)। ਆਤਮਾ ਨੇ ਸਾਨੂੰ ਵਚਨ ਦਿੱਤਾ ਹੈ (2 ਪਤਰਸ 1:20, 21; 2 ਤਿਮੋਥਿਉਸ 3:15-17), ਅਤੇ ਬਿਨਾਂ ਉਸ ਦੇ ਅਸੀਂ ਆਤਮਾ ਵਿਚ ਵਧ ਨਹੀਂ ਸਕਦੇ। ਆਤਮਾ ਅਤੇ ਵਚਨ ਇਕ ਦੂਜੇ ਦੇ ਖਿਲਾਫ਼ ਨਹੀਂ ਹੋ ਸਕਦੇ। *ਰੂਹਾਨੀ* ਤੌਰ ਤੇ ਚੱਲਣ ਦਾ ਢੰਗ *ਵਚਨ* ਦੇ ਮੁਤਾਬਕ ਚੱਲਣਾ ਹੀ ਹੈ। ਖਰੀ ਸਿੱਖਿਆ ਜਾਂ ਸਾਊਂਡ ਡਾਕਟ੍ਰਿਨ ਪੱਕੀ ਬੁਨਿਆਦ ਬਣਾਉਂਦੀ ਹੈ। ਰੂਹਾਨੀਅਤ ਦੇ ਪੱਖ ਵਿਚ ਸਾਨੂੰ ਕਦੇ ਥਿਓਲੋਜੀ ਤੋਂ ਪਰਹੇਜ਼ ਨਹੀਂ ਰੱਖਣਾ ਚਾਹੀਦਾ ਹੈ। ਆਤਮਾ ਸਾਨੂੰ ਵਚਨ ਨਾਲ ਪਿਆਰ ਕਰਨਾ ਇਸ ਉੱਤੇ ਧਿਆਨ ਲਾਉਣਾ ਅਤੇ ਇਸ ਨੂੰ ਮੰਨਣਾ ਸਿਖਾਉਂਦਾ ਹੈ। ਵਚਨ ਅਤੇ ਸਮਝ ਤੇ ਨਿਰਭਰ ਰਹਿਣ ਦੀ ਥਾਂ ਤਜਰਬਿਆਂ ਜਾਂ ਜਜ਼ਬਾਤ ਤੇ ਨਿਰਭਰ ਰਹਿਣ ਵਾਲੇ ਲੋਕਾਂ ਨੂੰ ਆਤਮਾ ਤੋਂ ਪਰੇਸ਼ਾਨੀ ਹੁੰਦੀ ਹੈ।

ਇਹ ਮੁਸ਼ਕਿਲ ਬਾਈਬਲ ਦੇ ਕੁਝ ਅਨੁਵਾਦਾਂ ਨਾਲ ਹੋਰ ਵੀ ਉਲਝਣ ਵਾਲੀ ਹੋ ਜਾਂਦੀ ਹੈ, ਜਿਨ੍ਹਾਂ ਵਿਚ ਆਤਮਾ ਨੂੰ ਆਦਮੀ ਦੀ ਥਾਂ ''ਵਸਤੂ'' ਜਾਂ ''ਭੂਤ'' ਦੇ ਰੂਪ ਵਿਚ ਵਿਖਾਇਆ ਜਾਂਦਾ ਹੈ। ਆਤਮਾ ਸ਼ਖ਼ਸ ਹੈ, ਨਾ ਕਿ ਊਰਜਾ, ਜੋਸ਼, ਜਾਂ ਹੱਲਾ ਸ਼ੇਰੀ ਦੇਣ ਵਾਲਾ ਵਿਚਾਰ ਜਾਂ ਕਿਸੇ ਖ਼ਾਸ ਬੰਦੇ ਨੂੰ ਮਿਲਣ ਵਾਲੀ ਚੀਜ਼। ਇਹ ਆਦਮੀ ਉਵੇਂ ਹੀ ਹੈ, ਜਿਵੇਂ ਮੈਂ ਹਾਂ। ਉਸਦੀ ਆਪਣੀ ਪਛਾਣ ਹੈ। ਉਹ ਸੁਣ ਸਕਦਾ ਹੈ, ਬੋਲ ਸਕਦਾ ਹੈ, ਇੱਛਾ ਰੱਖਦਾ ਹੈ, ਦੁਖੀ ਹੋ ਸਕਦਾ ਹੈ ਅਤੇ ਅਨੰਦ ਕਰ ਸਕਦਾ ਹੈ। ਮੁਕਾਸ਼ਫ਼ੇ ਨੂੰ ਮੰਨੋ ਨਾ ਕਿ ਕਿਆਫ਼ੇ ਨੂੰ। ਬਾਈਬਲ ਜ਼ਿੰਦਾ ਕਲਾਮ ਹੈ (ਇਬਰਾਨੀਆਂ 4:12); ਆਤਮਾ ਸਾਡੇ ਨਾਲ ਨਿੱਜੀ ਤੌਰ ਤੇ ਸਿਰਫ਼ ਜ਼ਿੰਦਾ ਕਲਾਮ ਦੇ ਰਾਹੀਂ ਹੀ ਗੱਲ ਕਰ ਸਕਦਾ ਹੈ।

ਵਚਨ ਜਾਂ ਕਲਾਮ ਦੀ ਵਰਤੋਂ ਸਿਰਫ਼ ਸਮਝ ਨਾਲ ਹੀ ਕੀਤੀ ਜਾ ਸਕਦੀ ਹੈ। ਸਾਡਾ ਰੋਜ਼ ਦਾ ਚੱਲਣਾ ''ਪਵਿੱਤਰ ਕੀਤੀ ਗਈ ਆਮ ਸਮਝ'' ਨਾਲ ਵਚਨ ਦੇ ਰਾਹੀਂ ਚੱਲਣਾ ਹੈ। ਆਤਮਾ ਨਾਲ ਬਹੁਤ ਸਾਰੀਆਂ ਗਲਤਫ਼ਹਿਮੀਆਂ ਨੂੰ ਵਚਨ ਅਤੇ ਸਮਝ ਨਾਲ ਅਸਾਨੀ ਨਾਲ ਦਰੁੱਸਤ ਕੀਤਾ ਜਾ

ਸਕਦਾ ਹੈ। ਇਸ ਗੱਲ ਵਿਚ ਅਸੀਂ ਕਮਜ਼ੋਰ ਹਾਂ! ਆਤਮਾ ਸਾਨੂੰ ਆਪਣੇ ਆਪ ਵਿਚ ਚੰਗਾ ਅਹਿਸਾਸ ਕਰਾਉਣ ਲਈ ਜਾਂ ਕਲੀਸੀਆ ਵਿਚ ਮੌਜ ਮਸਤੀ ਕਰਨ ਲਈ ਨਹੀਂ ਦਿੱਤਾ ਗਿਆ ਸੀ। ਦੂਜੇ ਪਾਸੇ ਸਾਨੂੰ ਸ਼ੈਤਾਨ ਤੋਂ ਬਹੁਤਾ ਡਰਨਾ ਨਹੀਂ ਚਾਹੀਦਾ! ਆਤਮਾ ''ਕਰਤਬ ਵਿਖਾਉਣਾ'' ਨਹੀਂ ਹੈ। ਉਹ ਸਾਨੂੰ ''ਦੌਰੇ'' ਪੈਣ ਦੀ ਸ਼ਕਤੀ ਨਹੀਂ ਦਿੰਦਾ। ਪੌਲੁਸ ਨੇ ਆਖਿਆ ਕਿ ਅਜਿਹੀ ਨਾਸਮਝੀ ਕਲੀਸੀਆ ਦੀ ਭਰੋਸੇਯੋਗਤਾ ਨੂੰ ਖ਼ਤਮ ਕਰਦੀ ਹੈ (1 ਕੁਰਿੰਥੀਆਂ 14:23)। ਆਤਮਾ ਲੋਕਾਂ ਦੇ ਸਿਰਾਂ ਨੂੰ ਘੁਮਾਉਂਦਾ ਨਹੀਂ ਹੈ।

ਹਾਂ, ਆਤਮਾ ਭੇਦ ਨਾਲ ਭਰਿਆ ਹੈ। ਖ਼ੁਦਾ ਭੇਦ ਹੈ। ਇੰਜੀਲ ਭੇਦ ਹੈ। ਕਲੀਸੀਆ ਭੇਦ ਹੈ, ਪਰ ਭੇਦ ਹੋਣ ਦਾ ਮਤਲਬ ਅੰਧਵਿਸ਼ਵਾਸੀ ਜਾਂ ਸ਼ੈਤਾਨ ਵੱਲੋਂ ਹੋਣਾ ਨਹੀਂ ਹੈ। ਆਤਮਾ ਹਕੀਕਤ ਹੈ (1 ਯੂਹੰਨਾ 5:6)। ਉਸ ਨੇ ਸਾਨੂੰ ਸਾਰੀ ਸਚਿਆਈ ਵਿਚ ਅਗਵਾਈ ਦਿੱਤੀ ਹੈ (ਯੂਹੰਨਾ 16:13; 14:26)। ਸਚਿਆਈ ਨੂੰ ਸਿਰਫ਼ ਸਿਆਣਪ ਨਾਲ ਹੀ ਸੰਭਾਲਿਆ ਜਾ ਸਕਦਾ ਹੈ। ਆਤਮਾ ਦਿਮਾਗੀ ਸੰਤੁਲਨ, ਸਮਝਦਾਰੀ ਨਾਲ ਰਹਿਣਾ ਹੈ, ਨਾ ਕਿ ਡਾਵਾਂਡੋਲ ਹੋਣਾ। *ਸਾਨੂੰ ਵਚਨ ਦੇ ਅਨੁਸਾਰ ਹੋਰ ਸਮਝ ਦੀ ਲੋੜ ਹੈ!*

## ਪਵਿੱਤਰ ਆਤਮਾ ਪਰਮੇਸ਼ੁਰ ਹੈ

ਇਹ ਤੱਥ ਕਿ ਪਵਿੱਤਰ ਆਤਮਾ ਪਰਮੇਸ਼ੁਰ ਹੈ, ਆਤਮਾ ਦੇ ਕਿਸੇ ਵੀ ਬਾਈਬਲ ਅਧਿਐਨ ਲਈ ਫ਼ੈਸਲਾਕੁੰਨ ਹੈ। ਇਸ ਸਚਿਆਈ ਨੂੰ ਸਮਝਣ ਨਾਲ ਸਾਰੀ ਨਾਸਮਝੀ ਖ਼ਤਮ ਹੋ ਜਾਵੇਗੀ। ਆਤਮਾ ਖ਼ੁਦਾ ਹੈ! ਖ਼ੁਦਾ ਭਾਵ ਪਰਮੇਸ਼ੁਰ ਪਿਤਾ, ਪਰਮੇਸ਼ੁਰ ਪੁੱਤਰ ਅਤੇ ਪਰਮੇਸ਼ੁਰ ਆਤਮਾ ਭੈਅ ਯੋਗ ਹੈ। ਖ਼ੁਦਾ ਤਰਤੀਬ ਦਾ ਖ਼ੁਦਾ ਹੈ ਨਾ ਕਿ ਗੜਬੜ ਦਾ (1 ਕੁਰਿੰਥੀਆਂ 14:33, 40)। ਤਾਂ ਫਿਰ ਆਤਮਾ ਤੋਂ ਗੜਬੜ ਦੀ ਇੱਛਾ ਕਿਉਂ ਕੀਤੀ ਜਾਂਦੀ ਹੈ?

1. *ਤ੍ਰਿਏਕਤਾ।* ਬਾਈਬਲ ਦਾ ਖ਼ੁਦਾ ਤਿੰਨਾਂ ਵਿਚ ਇਕ ਹੈ। ਤ੍ਰਿਏਕਤਾ, ਭਾਵ ਖ਼ੁਦਾਈ ਤੋਂ ਹੀ ਸਚਿਆਈ, ਏਕਤਾ ਅਤੇ ਸ਼ਾਂਤੀ ਮਿਲਦੀ ਹੈ। ਖ਼ੁਦਾ ਦੇ ਨਾਲ ਸਾਡਾ ਰੋਜ਼ ਦਾ ਚੱਲਣਾ ਇਲਾਹੀ ਤ੍ਰਿਏਕਤਾ ਦੇ ਨਾਲ ਚੱਲਣਾ ਹੈ।

2. *ਖ਼ੁਦਾ।* ਖ਼ੁਦਾ ਦਾ ਸਾਰ ਆਤਮਾ ਹੈ (ਯੂਹੰਨਾ 4:22–24)। ਆਤਮਾ ਦੀ ਖੋਜ ਤੋਂ ਪਹਿਲਾਂ ਦਿਲੋਂ ਖ਼ੁਦਾ ਦਾ ਖੌਫ਼ ਮੰਨਣਾ ਲਾਜ਼ਮੀ ਹੈ। ਜੇ ਅਸੀਂ ਅਜਿਹਾ ਨਹੀਂ ਕਰਦੇ ਤਾਂ ਇਹ ਰਹੱਸਵਾਦ ਅਤੇ ਅੰਧਵਿਸ਼ਵਾਸ ਹੋਵੇਗਾ।

ਬੇਸ਼ੱਕ ਪਵਿੱਤਰ ਆਤਮਾ ਬਾਰੇ ਲੋਕਾਂ ਦੇ ਬਹੁਤ ਸਾਰੇ ਸਵਾਲ ਹਨ। ਆਤਮਾ ਦਾ ਨਾਂਅ ਕੀ ਹੈ? ਆਤਮਾ ਦਾ ਕੋਈ ਨਾਂਅ ਨਹੀਂ। ਬਾਈਬਲ ਖ਼ਾਸ ਤੌਰ ਤੇ ਕਿੱਥੇ ਹੁਕਮ ਦਿੰਦੀ ਹੈ ਕਿ ਆਤਮਾ ਨਾਲ ਪ੍ਰੇਮ ਰੱਖਿਆ ਜਾਏ। ਕੋਈ ਖ਼ਾਸ ਹੁਕਮ ਨਹੀਂ ਮਿਲਦਾ। ਪਰ ਖ਼ੁਦਾ ਨਾਲ ਪਿਆਰ ਕਰਨ ਅਤੇ ਆਪਣੇ ਦੁਸ਼ਮਣਾਂ ਨਾਲ ਪਿਆਰ ਕਰਨ ਵਿਚਕਾਰ ਮੁੱਖ ਤੌਰ ਤੇ ਉਹਦੇ ਨਾਲ ਪਿਆਰ ਕਰਨਾ ਸਹੀ ਹੈ!

ਆਤਮਾ ਸਾਡੇ ਨਾਲ ਨਿੱਜੀ ਰਿਸ਼ਤੇ ਬਗੈਰ ਅਦਿੱਖ ਹੈ। ਖ਼ੁਦਾ ਤ੍ਰਿਏਕ ਹੈ। ਵੱਖਰੀਆਂ ਵੱਖਰੀਆਂ ਸ਼ਖ਼ਸੀਅਤਾਂ ਅਤੇ ਕੰਮਾਂ ਦੇ ਬਾਵਜੂਦ ਤਿੰਨੇ ਇੱਕੋ ਤਰ੍ਹਾਂ ਨਾਲ ਖ਼ੁਦਾ ਹਨ। ਸਭ ਇਕ ਦੂਜੇ ਦੇ ਅਧੀਨ ਹਨ। ਆਤਮਾ ਆਪਣੇ ਆਪ ਉੱਤੇ ਨਹੀਂ, ਬਲਕਿ ਪਿਤਾ ਅਤੇ ਪੁੱਤਰ ਵੱਲ ਧਿਆਨ ਦੁਆਉਂਦਾ ਹੈ। ਸਾਨੂੰ ਆਪਣਾ ਪ੍ਰਚਾਰ ਅਤੇ ਵਡਿਆਈ ਕਰਦਿਆਂ ਵੇਖ ਕੇ ਉਹ ਡੈਂਬਰ ਜਾਂਦਾ ਹੈ! ਇਹ ਉਸ ਦੇ ਸੁਭਾਅ ਅਤੇ ਕੰਮ ਦੀ ਉਲੰਘਣਾ ਹੈ। ਧਿਆਨ ਆਤਮਾ ਉੱਤੇ ਨਹੀਂ ਬਲਕਿ ਖ਼ੁਦਾ ਅਤੇ ਯਿਸੂ ਉੱਤੇ ਦਿੱਤਾ ਜਾਣਾ ਜ਼ਰੂਰੀ ਹੈ।

ਆਤਮਾ ਖ਼ੁਦਾ ਨੂੰ ਜਾਣਦਾ ਹੈ ਅਤੇ ਉਸ ਨੂੰ ਪਰਗਟ ਕਰਦਾ ਹੈ (1 ਕੁਰਿੰਥੀਆਂ 2:9–13)। ਆਤਮਾ ਪਾਉਣ ਦਾ ਨਤੀਜਾ ਮਸੀਹ ਵਾਲਾ ਮਨ ਪਾਉਣਾ ਹੁੰਦਾ ਹੈ। ਬਿਨਾਂ ਖ਼ੁਦਾ ਨੂੰ ਜਾਣੇ ਉਸ ਤੋਂ

ਬਰਕਤਾਂ ਮੰਗਣ ਲਈ ਦੁਆ ਕਰਨਾ ਖ਼ੁਦਾ ਦੀ ਬੇਇਜ਼ਤੀ ਕਰਨਾ ਹੈ। ਸਿਰਫ਼ ਆਤਮਾ ਨਾਲ ਹੀ ਖ਼ੁਦਾ ਦੀ ਭਰਪੂਰੀ ਪਾਈ ਜਾ ਸਕਦੀ ਹੈ (ਅਫ਼ਸੀਆਂ 3:14–19)। ਰੂਹਾਨੀਅਤ ਨਾ ਤਾਂ ''ਕਾਲਾ ਇਲਮ'' ਹੈ ਅਤੇ ਨਾ ''ਟੂਣਾ ਟੋਟਕਾ'' ਕਰਨ ਦੀ ਵਿਧੀ। ਆਤਮਾ ਸਾਨੂੰ ਸਾਡੇ ਲਈ ਅਨੁਭਵ ਨਹੀਂ ਦਿੰਦਾ।

3. *ਯਿਸੂ ਮਸੀਹ।* ਆਤਮਾ ਨੂੰ ਯਿਸੂ ਵੱਲੋਂ ਯਿਸੂ ਦੀ ਵਡਿਆਈ ਕਰਨ ਲਈ ਹੀ ਭੇਜਿਆ ਗਿਆ ਹੈ। ਆਤਮਾ ਉੱਤੇ ਜ਼ੋਰ ਦੇਣਾ ਪਰ ਯਿਸੂ ਉੱਤੇ ਨਹੀਂ, ਆਤਮਾ ਅਤੇ ਉਸ ਦੇ ਮਕਸਦ ਦੋਹਾਂ ਦੀ ਉਲੰਘਣਾ ਕਰਨਾ ਹੈ। ਆਤਮਾ ਸਾਨੂੰ ਤਸੱਲੀ ਦੇਣ ਲਈ ਯਿਸੂ ਦਾ ਭੇਜਿਆ ਹੋਇਆ (ਯੂਹੰਨਾ 14:16–18, 26; 15:26; 16:7–15) ਸਹਾਇਕ (ਯੂ.: *paraclete*) ਹੈ। ਪਿਤਾ ਜਾਂ ਪੁੱਤਰ ਤੋਂ ਆਤਮਾ ਨੂੰ ਅੱਡ ਨਹੀਂ ਕਰਨਾ ਚਾਹੀਦਾ। ਜੋ ਕੁਝ ਉਹ ਹਨ, ਉਹੀ ਉਹ ਹੈ। ਜੋ ਕੁਝ ਉਹ ਸਿਖਾਉਂਦੇ ਹਨ ਉਸੇ ਨੂੰ ਉਹ ਪਰਗਟ ਕਰਦਾ ਹੈ। ਤਦੇ ਜੇ ਅਸੀਂ ਆਤਮਾ ਨੂੰ ਆਤਮਾ ਨਾ ਰਹਿਣ ਦੇਣ ਦੀ ਅਜ਼ਮਾਇਸ਼ ਵਿਚ ਨਾ ਪਈਏ। ਅਗਿਆਨਤਾ ਅਤੇ ਮੂਰਖਤਾ ਨਾਲ ਆਤਮਾ ਦਾ ਅਨਾਦਰ ਨਾ ਕਰੋ। ਮਸੀਹੀ ਪਰਿਪੱਕਤਾ ਲਈ ਗੈਰ ਮਮੂਲੀ ਅਨੁਭਵਾਂ ਦੀ ਲੋੜ ਨਹੀਂ ਹੈ। ਜਦ ਅਸੀਂ ਯਿਸੂ ਨੂੰ ਜਾਣਦੇ, ਉਸ ਨਾਲ ਪਿਆਰ ਕਰਦੇ ਅਤੇ ਉਸ ਵਿਚ ਬਣੇ ਰਹਿੰਦੇ ਹਾਂ ਤਾਂ ਸਾਨੂੰ ਪਤਾ ਹੈ ਕਿ ਅਸੀਂ ਆਤਮਾ ਦੀ ਅਗਵਾਈ ਵਿਚ ਚੱਲ ਰਹੇ ਹਾਂ।

ਅਫ਼ਸੀਆਂ 1:3 ਵਿਚ ਪੌਲੁਸ ਨੇ ਯਾਦ ਕਰਾਇਆ ਕਿ ਖ਼ੁਦਾ ਸਾਨੂੰ ਮਸੀਹ ਵਿਚ ਹਰ ਤਰ੍ਹਾਂ ਦੀਆਂ ਰੂਹਾਨੀ ਬਰਕਤਾਂ ਨਾਲ ਬਰਕਤ ਦਿੰਦਾ ਹੈ। ਇਹ ਰੂਹਾਨੀ ਬਰਕਤਾਂ ਸਿਰਫ਼ ਆਤਮਾ ਰਾਹੀਂ ਹੀ ਦਿੱਤੀਆਂ ਜਾਂਦੀਆਂ ਹਨ। ਅਫ਼ਸੀਆਂ 1:3 ਵਿਚ ਪੂਰਾ ਤ੍ਰਿਏਕ ਕੰਮ ਕਰਦਾ ਹੈ। ਅਫ਼ਸੀਆਂ ਦੀ ਕਿਤਾਬ ਕਲੀਸੀਆ ਉੱਤੇ ਕੇਂਦਰਿਤ ਸਾਡੀ ਥਿਓਲੋਜਿਕਲ ਕਿਤਾਬ ਹੈ। ਇਹ ਅਫ਼ਸੁਸ ਦੀ ਕਲੀਸੀਆ ਦੇ ਨਾਂਅ ਲਿਖੀ ਗਈ ਸੀ। ਖ਼ੁਦਾ, ਮਸੀਹ ਵਿਚ ਆਤਮਾ ਦੇ ਰਾਹੀਂ ਕਲੀਸੀਆ ਵਿਚ ਹਰ ਤਰ੍ਹਾਂ ਦੀਆਂ ਰੂਹਾਨੀ ਬਰਕਤਾਂ ਭੇਜਦਾ ਹੈ! ਕਿੰਨੀ ਵੱਡੀ ਗੱਲ ਹੈ!

## ਪਵਿੱਤਰ ਆਤਮਾ ਸਾਡਾ ਹੈ

ਪੁਰਾਣੇ ਨੇਮ ਵਿਚ ਤ੍ਰਿਏਕਤਾ ਦੀ ਨੁਮਾਇੰਦਗੀ ਖ਼ੁਦਾ ਆਪ ਕਰਦਾ ਹੈ। ਸਾਡੇ ਵਿਚਕਾਰ ਡੇਰਾ ਲਾਉਣ ਵੇਲੇ ਤ੍ਰਿਏਕਤਾ ਦਾ ਨੁਮਾਇੰਦਾ ਪਰਮੇਸ਼ੁਰ ਪੁੱਤਰ ਸੀ (ਮੱਤੀ, ਮਰਕੁਸ, ਲੂਕਾ, ਯੂਹੰਨਾ)। ਖ਼ੁਦਾ ਆਤਮਾ ਮਸੀਹ ਦੇ ਵਾਪਸ ਆਉਣ ਵੇਲੇ ਤਕ ਤ੍ਰਿਏਕਤਾ ਦੀ ਨੁਮਾਇੰਦਗੀ ਕਰਨ ਲਈ ਹੇਠਾਂ ਉੱਤਰਿਆ ਹੈ (ਰਸੂਲਾਂ ਦੇ ਕੰਮ 2)। ਸਾਡਾ ਯੁੱਗ ਆਤਮਾ ਦਾ ਯੁੱਗ ਹੈ। ਮੁਕਤੀ ਦੀ ਸਾਡੀ ਗਰੰਟੀ ਸਾਨੂੰ ਆਤਮਾ ਦੇ ਵਾਸ ਨਾਲ ਦਿੱਤੀ ਗਈ ਹੈ (ਰਸੂਲਾਂ ਦੇ ਕੰਮ 2:38; 5:32; ਅਫ਼ਸੀਆਂ 1:14)। ਆਤਮਾ ਦਾਤਾ ਨਹੀਂ ਬਲਕਿ ਖੁਦ ਇਕ ਦਾਨ ਹੈ। ਸਾਡੀਆਂ ਦੇਹਾਂ ''ਪਵਿੱਤਰ ਆਤਮਾ ਦੀ ਹੈਕਲ'' ਹਨ (1 ਕੁਰਿੰਥੀਆਂ 6:19, 20)।

ਮਸੀਹ ਦੇ ਲਹੂ ਨਾਲ ਕਲੀਸੀਆ ਨੂੰ ਮੁੱਲ ਲਿਆ ਗਿਆ ਹੈ (ਰਸੂਲਾਂ ਦੇ ਕੰਮ 20:28; ਅਫ਼ਸੀਆਂ 5:25–27; 1 ਕੁਰਿੰਥੀਆਂ 6:20)। ਪਹਿਲੀ ਕਲੀਸੀਆ ਨੂੰ ਖ਼ੁਦਾ ਨੇ ਬਣਾਇਆ ਸੀ, ਤਾਂ ਉਸ ਨੇ ਇਸ ਨੂੰ ਸਹੀ ਬਣਾਇਆ ਸੀ। ਰਸੂਲਾਂ ਦੇ ਕੰਮ 2 ਵਿਚ ਖ਼ੁਦਾ ਨੇ ਕਲੀਸੀਆ ਦੇ ਕੰਮ ਵਿਚ ਦਖਲ ਦਿੱਤਾ (ਪੈਂਟੀਕਾਸਟ ਵਾਲੇ ਦਿਨ)। ਉਸ ਨੇ ਆਪਣੇ ਆਪ ਨੂੰ ਕਲੀਸੀਆ ਤੋਂ ਕੱਢਿਆ ਨਹੀਂ ਹੈ। ਖ਼ੁਦਾ ਕਦੇ ਵੀ ਡਿਨੋਮਿਨੇਸ਼ਨ ਦੇ ਕੰਮ ਵਿਚ ਨਹੀਂ ਗਿਆ ਹੈ। ਆਤਮਾ ਕਲੀਸੀਆ ਦੀ ਜਾਨ ਹੈ (1 ਕੁਰਿੰਥੀਆਂ 3:16), ਪਰ ਕਲੀਸੀਆ ਵਿਚ ਇਹ ਸਿਰਫ਼ ਮਸੀਹੀ ਲੋਕਾਂ ਵਿਚ ਰਹਿ ਕੇ ਹੀ ਵਾਸ ਕਰਦਾ ਹੈ। ਅੱਜ ਧਰਤੀ ਉੱਤੇ ਇਕ ਇੱਕੋ ਇਕ ਪਵਿੱਤਰ ''ਮਸੀਹੀ ਲੋਕਾਂ ਦੇ ਦਿਲ ਹੀ ਹਨ।''

ਖ਼ੁਦਾ ਨੇ ਕਲੀਸੀਆ ਨੂੰ ਦੁਆ ਅਤੇ ਆਤਮਾ ਦੇ ਰੂਪ ਵਿਚ ਦੋ ਬਹੁਤ ਵੱਡੀਆਂ ਬਰਕਤਾਂ ਦਿੱਤੀਆਂ ਹਨ। ਪਰ ਅਸੀਂ ਦੋਹਾਂ ਦਾ ਹੀ ਫ਼ਾਇਦਾ ਨਹੀਂ ਲੈ ਰਹੇ ਹਾਂ ਸਾਨੂੰ ਅਨੁਭਵ, ਤਕਨੀਕਾਂ, ਤਰਕੀਬਾਂ ਅਤੇ

ਚਲਾਕੀਆਂ ਚੰਗੀਆਂ ਲਗਦੀਆਂ ਹਨ; ਫਿਰ ਵੀ ਦੁਆ ਕਰਨ ਅਤੇ ਆਤਮਾ ਦੀ ਗੱਲ ਮੰਨਣ ਵਿਚ ਪਿੱਛੜ ਜਾਂਦੇ ਹਾਂ। ਆਤਮਾ ਦੀ ਥਾਂ ਪ੍ਰੋਗਰਾਮਾਂ ਉੱਤੇ ਨਿਰਭਰ ਰਹਿਣਾ ਅਸਾਨ ਹੈ। ਸ਼ੈਤਾਨ ਅਜ਼ਮਾਇਸ਼ ਲੈਂਦਾ ਹੈ ਜਦਕਿ ਆਤਮਾ ਮਜ਼ਬੂਤ ਕਰਦਾ ਹੈ (ਅਫ਼ਸੀਆਂ 3:14–19)। ਏ. ਡਬਲਯੂ. ਟੋਜ਼ਰ ਨੇ ਕਿਹਾ, ‘‘ਜੇ ਮੁੱਢਲੀ ਕਲੀਸੀਆ ਤੋਂ ਆਤਮਾ ਨੂੰ ਲੈ ਲਿਆ ਜਾਂਦਾ, ਤਾਂ 90 ਫ਼ੀਸਦੀ ਜੋ ਉਨ੍ਹਾਂ ਨੇ ਕੀਤਾ ਉਹ ਖ਼ਤਮ ਹੋ ਜਾਂਦਾ। ਪਰ ਜੇ ਅੱਜ ਆਤਮਾ ਨੂੰ ਲੈ ਲਿਆ ਜਾਵੇ ਤਾਂ 10 ਫ਼ੀਸਦੀ ਹੀ ਖ਼ਤਮ ਹੋਵੇਗਾ।’’ ਅੱਜ ਦੀਆਂ ਹਾਈ ਟੈਕ ਤਰਕੀਬਾਂ ਦੇ ਬਗੈਰ, ਚੇਲਿਆਂ ਨੇ ਪਹਿਲੀ ਸਦੀ ਦੇ ਸੰਸਾਰ ਵਿਚ ਇੰਜੀਲ ਨੂੰ ਪਹੁੰਚਾ ਦਿੱਤਾ ਸੀ। ਦੁਆ, ਵਚਨ ਅਤੇ ਪਵਿੱਤਰ ਆਤਮਾ ਨੂੰ ਕਦੇ ਵੱਖ ਨਾ ਕਰੋ।

ਆਤਮਾ ਕਿੱਥੇ ਹੈ? ਉਹ ਕਿਵੇਂ ਮਿਲ ਸਕਦਾ ਹੈ? ਤਜਰਬੇ ਨਾਲ ਨਹੀਂ। ਪੈਂਟੀਕਾਸਟ ਵਾਲੇ ਦਿਨ ਹੋਣ ਵਾਲੀਆਂ ਘਟਨਾਵਾਂ ਦੁਬਾਰਾ ਕਦੇ ਨਹੀਂ ਹੋਣਗੀਆਂ ਕਿਉਂਕਿ ਵੱਖੋ ਵੱਖ ਬੋਲੀਆਂ ਬੋਲਣਾ ਬੰਦ ਹੋ ਗਿਆ ਹੈ (1 ਕੁਰਿੰਥੀਆਂ 13:8–13)। ਆਤਮਾ ਵਚਨ ਵਿਚ ਹੀ ਮਿਲਦਾ ਹੈ। ‘‘ਮਸੀਹ ਦਾ ਵਚਨ ਪੂਰੀ ਬੁੱਧ ਨਾਲ ਤੁਹਾਡੇ ਵਿਚ ਬਹੁਤਾ ਕਰਕੇ ਵੱਸੇ’’ (ਕੁਲੁੱਸੀਆਂ 3:16)। ਆਤਮਾ ‘‘ਸਚਿਆਈ ਦਾ ਆਤਮਾ’’ ਹੈ (ਯੂਹੰਨਾ 14:17; 15:26; 16:13)। ਅੱਜ ਲੋਕਾਂ ਨੂੰ ਮੋਅਜਜ਼ੇ ਪਾਉਣ ਦੀ ਉਮੀਦ ਰੱਖਣ ਲਈ ਕਿਹਾ ਜਾ ਰਿਹਾ ਹੈ। ਪੌਲੁਸ ਨੇ ਤਿਮੋਥਿਉਸ ਨੂੰ ‘‘ਅਧਿਐਨ’’ ਕਰਨ ਲਈ ਆਖਿਆ ਸੀ (2 ਤਿਮੋਥਿਉਸ 2:15; KJV)। ਹਰ ਤਰ੍ਹਾਂ ਦੀ ਰੂਹਾਨੀ ਅਗਵਾਈ ਵਚਨ ਦੇ ਅਧਾਰ ਤੇ ਹੀ ਮਿਲਦੀ ਹੈ। ਰਸੂਲਾਂ ਦੇ ਕੰਮ ਕਿਤਾਬ ਵਿਚ ਕਿਸੇ ਦੀ ਵੀ ਮਨਬਦਲੀ, ਸੁਪਨੇ, ਫ਼ਰਿਸ਼ਤੇ ਦੇ ਦਰਸ਼ਨ ਜਾਂ ਆਤਮਾ ਦੇ ਸਿੱਧੇ ਦਖਲ ਰਾਹੀਂ ਨਹੀਂ ਹੋਈ ਸੀ। ਹਰ ਮਾਮਲੇ ਵਿਚ ਮਨੁੱਖਾਂ ਦੇ ਰਾਹੀਂ ਵਚਨ ਭਾਵ ਖੁਸ਼ਖ਼ਬਰੀ ਸੁਣਾਈ ਗਈ ਸੀ। ਰਾਜ ਦਾ ਬੀਜ ਤਾਂ ਪਰਮੇਸ਼ੁਰ ਦਾ ਵਚਨ ਹੈ (ਲੂਕਾ 8:11)। ਵਚਨ ਵਿਚ ਕਦੇ ਵੀ ਕਿਸੇ ਨੂੰ ‘‘ਆਤਮਾ ਦਾ ਬਪਤਿਸਮਾ ਲੈਣ’’ ਜਾਂ ਆਤਮਾ ਦਾ ‘‘ਦਾਨ ਪਾਉਣ’’ ਦਾ ਹੁਕਮ ਨਹੀਂ ਦਿੱਤਾ ਗਿਆ। ਲੋਕ ਰੂਹਾਨੀ ਬਣਨ ਦੀ ਥਾਂ ਰੂਹਾਨੀ ਦਾਨ ਪਾਉਣ ਵਿਚ ਐਨੀ ਦਿਲਚਸਪੀ ਕਿਉਂ ਲੈ ਰਹੇ ਹਨ? ਲੋਕ ‘‘ਪਾਉਣ’’ ਉੱਤੇ ਬਹੁਤਾ ਧਿਆਨ ਦਿੰਦੇ ਹਨ ਜਦ ਕਿ ਆਤਮਾ ‘‘ਬਣਨ’’ ਉੱਤੇ ਜ਼ੋਰ ਦਿੰਦਾ ਹੈ। ਇਸ ਦੇ ਇਲਾਵਾ ਜੇ ਮੋਅਜਜ਼ੇ ਜਾਂ ਅਚੰਭੇ ਕੰਮ ਰੋਜ਼ ਹਰ ਥਾਂ ਹੋਣ ਲੱਗ ਪੈਣ ਤਾਂ ਉਨ੍ਹਾਂ ਨੂੰ ਮੋਅਜਜ਼ੇ ਨਹੀਂ ਕਿਹਾ ਜਾਵੇਗਾ। ਸਾਨੂੰ ਪਵਿੱਤਰਤਾਈ ਭਾਵ ਪਰਿਪੱਕਤਾ ਲਈ ਆਤਮਾ ਦੀ ਭਾਲ ਕਰਨੀ ਚਾਹੀਦੀ ਹੈ। ਅਸੀਂ ਉਹੀ ਬਣਾਂਗੇ ਜੋ ਅਸੀਂ ਬਣ ਰਹੇ ਹਾਂ।

ਖ਼ੁਦਾ ਦਾ ਆਤਮਾ ਉੱਥੇ ਹੀ ਹੈ ਜਿੱਥੇ ਪਿਆਰ ਹੈ ਇਸ ਗੱਲ ਵੱਲ ਲੋਕਾਂ ਦਾ ਧਿਆਨ ਨਹੀਂ ਜਾਂਦਾ। ਰੂਹਾਨੀ ਦਾਨਾਂ ਬਾਰੇ 1 ਕੁਰਿੰਥੀਆਂ 12 ਅਤੇ 14 ਡਾਕਟ੍ਰਿਨ ਦੇ ਦੋ ਅਧਿਆਇ ਹਨ। ਦੋਹਾਂ ਦੇ ਵਿਚਕਾਰ ਕੀ ਹੈ? 1 ਕੁਰਿੰਥੀਆਂ 13, ਜਿਹੜਾ ਪ੍ਰੇਮ ਉੱਤੇ ਅਧਿਆਇ ਹੈ! ‘‘... ਇਸ ਲਈ ਜੋ ਪਰਮੇਸ਼ੁਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਸਾਨੂੰ ਦਿੱਤਾ ਗਿਆ ਸਾਡੇ ਹਿਰਦਿਆਂ ਵਿਚ ਪਾਇਆ ਗਿਆ ਹੈ’’ (ਰੋਮੀਆਂ 5:5)। ਆਤਮਾ ਦਾ ਫਲ ਪ੍ਰੇਮ ਹੈ। *ਪਰੀਖਿਆ ਦੀ ਘੜੀ!* 1 ਕੁਰਿੰਥੀਆਂ 13 ਪੜ੍ਹੋ ਅਤੇ ਜਿੱਥੇ ਜਿੱਥੇ ‘‘ਪ੍ਰੇਮ’’ ਸ਼ਬਦ ਆਉਂਦਾ ਹੈ ਉਹਦੀ ਥਾਂ ‘‘ਮਸੀਹ’’ ਭਰ ਲਓ। ਇਸ ਨਾਲ ਬਾਈਬਲ ਦੇ ਇਸ ਅਧਿਆਇ ਦਾ ਕੁਝ ਨੁਕਸਾਨ ਨਹੀਂ ਹੋਵੇਗਾ। ਫਿਰ ਇਹਦੀ ਥਾਂ *ਆਪਣਾ* ਨਾਂਅ ਭਰ ਕੇ ਪੜ੍ਹੋ। ਕਿਹੋ ਜਿਹਾ ਲੱਗ ਰਿਹਾ ਹੈ? ਕੀ ਤੁਹਾਡੀ ਜ਼ਿੰਦਗੀ ਨਾਲ ਦੂਜਿਆਂ ਦੀ ਜ਼ਿੰਦਗੀ ਵਿਚ ਕੁਝ ਫ਼ਰਕ ਆ ਰਿਹਾ ਹੈ? ਪੌਲੁਸ ਨੇ ਮਸੀਹੀ ਲੋਕਾਂ ਨੂੰ ਕਿਹਾ ਸੀ, ‘‘ਸਾਡੀ ਚਿੱਠੀ ਤੁਸੀਂ ਹੋ ਜਿਹੜੀ ਸਾਡਿਆਂ ਹਿਰਦਿਆਂ ਵਿਚ ਲਿਖੀ ਹੋਈ ਹੈ ਜਿਹਨੂੰ ਸੱਭੋ ਮਨੁੱਖ ਜਾਣਦੇ ਅਤੇ ਪੜ੍ਹਦੇ ਹਨ’’ (2 ਕੁਰਿੰਥੀਆਂ 3:2)।

ਆਤਮਾ ਕਿੱਥੇ ਹੈ? ਆਤਮਾ ਤਾਂ ‘‘ਆਤਮਾ ਦੇ ਫਲ’’ ਵਿਚ ਹੈ, ਜੋ ‘‘ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, ਸੰਜਮ ਹਨ। ਇਹੋ ਜਿਹੀਆਂ ਗੱਲਾਂ ਦੇ ਵਿਰੁੱਧ ਕੋਈ ਸ਼ਰ੍ਹਾ ਨਹੀਂ ਹੈ’’ (ਗਲਾਤੀਆਂ 5:22, 23)। ਫਲ ਇਕ ਵਚਨ ਹੈ ਜਦ ਕਿ ਨਤੀਜਾ

ਬਹੁਵਚਨ ਹੈ। ਅਸੀਂ ਪਹਿਲਾਂ ਇਸ ਤੇ ਅਤੇ ਫਿਰ ਉਸ ਤੇ ਕੰਮ ਨਹੀਂ ਕਰਦੇ। ਆਤਮਾ ਦਾ ਫਲ ਇਕ ਡੱਬੇ ਵਿਚ ਆਉਂਦਾ ਹੈ। ਇਹ ਧਾਰਣਾ ਫਲ ਉੱਗਣ ਵਾਲੀ ਹੈ ਨਾ ਕਿ ਕਿਸੇ ਚੀਜ਼ ਨੂੰ ਬਣਾਉਣ ਵਾਲੀ। ਬਹੁਤ ਸਾਰੇ ਮਸੀਹੀ ਲੋਕ ਪਰੇਸ਼ਾਨ ਹੁੰਦੇ ਹਨ, ਕਿਉਂਕਿ ਉਹ ਰੂਹਾਨੀ ਫਲ ਪਾਉਣ ਲਈ ਮਨੁੱਖੀ ਕਾਰਜ ਕਰਨ ਦੀ ਕੋਸ਼ਿਸ਼ ਕਰਦੇ ਹਨ! ਆਪਣੇ ਆਪ ਵਿਚ ਸੁਧਾਰ ਲਿਆਉਣ ਦੇ ਕੋਰਸ ਮੁੱਖ ਤੌਰ ਤੇ ਬੇਕਾਰ ਸਾਬਿਤ ਹੁੰਦੇ ਹਨ। ਅਸੀਂ ਸਿਰਫ਼ ਆਤਮਾ ਦੇ ਰਾਹੀਂ ਹੀ ਪਰਿਪੱਕ ਹੋ ਸਕਦੇ ਹਾਂ। ਰੂਹਾਨੀਅਤ ਤਜਰਬਿਆਂ, ਉਚੇਚੇ ਦਾਨਾਂ ਜਾਂ ਮੋਅਜਜ਼ਿਆਂ ਨਾਲ ਨਹੀਂ ਬਲਕਿ ਰੂਹਾਨੀ ਭਲਿਆਈ ਅਤੇ ਪਰਿਪੱਕਤਾ ਨਾਲ ਹੀ ਨਾਪੀ ਜਾ ਸਕਦੀ ਹੈ। ਰੂਹਾਨੀ ਤੌਰ ਤੇ ਅਸੀਂ ਜੋ ਇੱਛਾ ਕਰਦੇ ਹਾਂ, ਉਹ ਆਤਮਾ ਦੇ ਫਲ ਉਪਜਾਉਂਦੀ ਹੈ। ਮੁੱਦਾ ਬਾਹਰ ਕਰਨ ਦਾ ਨਹੀਂ ਬਲਕਿ ਅੰਦਰ ਲੈਣ ਦਾ ਹੈ। ਸਮਾਂ ਆਉਣ ਤੇ ਛੱਲੀ ਉੱਤੇ ਦਾਣੇ ਆਉਂਦੇ ਹਨ। ਮਨੁੱਖ ਦਾਣੇ ਬਣਾ ਨਹੀਂ ਸਕਦਾ। ਖ਼ੁਦਾ ਮਸੀਹ ਵਿਚ ਆਤਮਾ ਦੇ ਰਾਹੀਂ ਚੇਲੇ ਬਣਾਉਂਦਾ ਹੈ। ਅਸੀਂ ਸਭ ਆਤਮ ਸੰਜਮ ਦੀ ਇੱਛਾ ਕਰਦੇ ਹਾਂ। ਜਦ ਤਕ ਅਸੀਂ ਆਪਣੇ ਆਪ ਨੂੰ ਖ਼ੁਦਾ ਦੇ ਅਧੀਨ ਨਹੀਂ ਕਰ ਦਿੰਦੇ ਤਦ ਤਕ ਅਸੀਂ ਆਪਣੇ ਉੱਤੇ ਕਾਬੂ ਨਹੀਂ ਪਾ ਸਕਦੇ। ਆਤਮਾ ਦਾ ਨਤੀਜਾ ਮਸੀਹ ਵਰਗੇ ਬਣਨਾ ਹੈ। ਅਸੀਂ ''ਆਤਮਾ ਵਰਗੇ'' ਨਹੀਂ ਬਲਕਿ ''ਮਸੀਹ ਵਰਗੇ'' ਬਣਾਂਗੇ। ਪੈਦਾ ਹੋਣ ਵੇਲੇ ਬੱਚਾ ਇਨਸਾਨ ਵਰਗਾ ਹੀ ਹੁੰਦਾ ਹੈ। ਉਹ ਇਨਸਾਨ ਤੋਂ ਵੱਖ ਹੋ ਹੀ ਨਹੀ ਸਕਦਾ। ਬਪਤਿਸਮਾ ਲੈਣ ਤੇ ਸਾਨੂੰ ਆਤਮਾ ਦੇ ਸਪੁਰਦ ਕਰ ਦਿੱਤਾ ਜਾਂਦਾ ਹੈ। ਅਸੀਂ ਆਤਮਾ ਨਾਲੋਂ ਵੱਧ ਨਹੀਂ ਹੋ ਸਕਦੇ। ਖ਼ੁਦਾ ਦੇ ਹਰ ਬੱਚੇ ਵਿਚ ਉਸ ਦਾ ''ਪੂਰਾ'' ਸਰੂਪ ਹੈ। ਸਵਾਲ ਇਹ ਹੈ ਕਿ ''ਆਤਮਾ ਸਾਹਮਣੇ ਅਸੀਂ 'ਸਭ' ਹਾਂ?'' ਆਤਮਾ ਸਾਡਾ ਹੈ। ਰੂਹਾਨੀਅਤ ਦਾ ਭੇਤ ਟੇਪਾਂ, ਸੈਮੀਨਾਰਾਂ, ਤਜਰਬਿਆਂ ਜਾਂ ਯੋਜਨਾਵਾਂ ਵਿਚ ਨਹੀਂ ਹੈ। ਰੂਹਾਨੀਅਤ ਦਾ ਭੇਤ ਆਪ ਰੂਹ ''ਭਾਵ ਆਤਮਾ ਹੈ!'' ''ਚਾਨਣ ਦਾ ਫਲ ਹਰ ਭਾਂਤ ਦੀ ਭਲਿਆਈ ਅਤੇ ਧਰਮ ਦੀ ਸਚਿਆਈ ਵਿਚ ਹੈ'' (ਅਫ਼ਸੀਆਂ 5:9)।

## ਆਤਮਾ ਨਾਲ ਭਰਪੂਰ ਹੋਣਾ

ਅਫ਼ਸੀਆਂ 5 ਅਧਿਆਇ ਵਿਚ ਪੌਲੁਸ ਨੇ ਤਿੰਨ ਅਹਿਮ ਹੁਕਮ ਦਿੱਤੇ ਹਨ: ''... ਪਰਮੇਸ਼ੁਰ ਦੀ ਰੀਸ ਕਰੋ'' (ਆਇਤ 1); ''ਪ੍ਰੇਮ ਨਾਲ ਚੱਲੋ ...'' (ਆਇਤ 2); ''ਚਾਨਣ ਦੇ ਪੁੱਤਰਾਂ ਵਾਂਗ ਚੱਲੋ'' (ਆਇਤ 8)। ਫਿਰ ਉਸ ਨੇ ਆਖਿਆ, ''... ਸਗੋਂ ਆਤਮਾ ਨਾਲ ਭਰਪੂਰ ਹੋ ਜਾਓ'' (ਆਇਤ 18)। ਧਿਆਨ ਦਿਓ, ਪਹਿਲਾਂ ਇਹ ਕਿ ਇਹ ਹੁਕਮ ਆਦੇਸ਼ਆਤਮਕ ਹੈ। ਪੌਲੁਸ ਦੇ ਕਹਿਣ ਤੋਂ ਭਾਵ ਸੀ ਕਿ ''*ਤੁਸੀਂ* ਆਤਮਾ ਨਾਲ ਭਰਪੂਰ ਹੋ ਜਾਓ।'' ਪਸੰਦ, ਫ਼ੈਸਲਾ ਅਤੇ ਕੰਮ ਕਰਨਾ ਸਾਡੇ ਹੱਥ ਵਿਚ ਹਨ। ਇਹ ਜ਼ੋਰ ਦਿੱਤਾ ਗਿਆ ਹੈ।

ਦੂਜਾ, ''ਭਰਪੂਰ ਹੋ ਜਾਓ'' ਬਹੁਵਚਨ ਰੂਪ ਹੈ ਜਿਸ ਤੋਂ ਭਾਵ ਹੈ ਕਿ ''ਅਸੀਂ ਸਭ'' ਭਰਪੂਰ ਹੋ ਜਾਈਏ। ''ਸਾਡੇ ਵਿੱਚੋਂ ਸਭ'' ਭਰਪੂਰ ਹੋਣ। ''ਸਾਡੇ ਵਿੱਚੋਂ ਸਭ'' ਨੂੰ ਕਦੇ ਮੋਅਜਜ਼ੇ ਕਰਨ ਦਾ ਦਾਨ ਨਹੀਂ ਮਿਲਿਆ ਸੀ!

ਤੀਜਾ, ਇਹ ਕਰਮਵਾਚ ਵਿਚ ਹੈ। ''ਆਤਮਾ ਨੂੰ ਤੁਹਾਨੂੰ ਭਰ ਲੈਣ ਦਿਓ।'' ਭਰੇ ਹੋਏ ਗਿਲਾਸ ਨੂੰ ਭਰਿਆ ਨਹੀਂ ਜਾ ਸਕਦਾ। ਭਰਨ ਲਈ ਪਹਿਲਾਂ ਖਾਲੀ ਹੋਣਾ ਜ਼ਰੂਰੀ ਹੈ। ਭਰੇ ਹੋਏ ਭਾਂਡੇ ਵਿਚ ਕੁਝ ਹੋਰ ਨਹੀਂ ਪਾਇਆ ਜਾ ਸਕਦਾ। ਆਪਣੇ ਆਪ ਤੋਂ ਮਰ ਕੇ ਜਾਂ ਆਪਣੇ ਆਪ ਨੂੰ ਖਾਲੀ ਕਰਕੇ ਹੀ ਅਸੀਂ ਆਤਮਾ ਨਾਲ ਭਰਪੂਰ ਹੋ ਸਕਦੇ ਹਾਂ।

ਚੌਥਾ, ਇਹ ਹੁਕਮ ਵਰਤਮਾਨ ਕਾਲ ਵਿਚ ਹੈ। ਯਿਸੂ ਨੇ ਸਾਨੂੰ ਯਤੀਮ ਨਹੀਂ ਛੱਡਿਆ (ਵੇਖੋ ਯੂਹੰਨਾ 13:18)। ਪੌਲੁਸ ਕਹਿ ਰਿਹਾ ਸੀ, ''ਆਤਮਾ ਨਾਲ ਭਰਪੂਰ *ਬਣੇ ਰਹੋ।''* ਭਰਪੂਰ ਹੋਣਾ ਲਗਾਤਾਰ, ਜ਼ਿੰਦਗੀ ਵਿਚ ਚੱਲਣ ਵਾਲੀ ਪ੍ਰਕਿਰਿਆ ਹੈ। ਅਸੀਂ ਭਰਪੂਰ ਹੁੰਦੇ ਹਾਂ ਅਤੇ ਫਿਰ ਭਰਪੂਰ ਹੁੰਦੇ ਹਾਂ।

ਕਿਸੇ ਨੇ ਇਸ ਪ੍ਰਕਿਰਿਆ ਨੂੰ ਸਮੁੰਦਰੀ ਜਹਾਜ਼ ਤੇ ਹਵਾ ਨਾਲ ਪਾਲਾਂ ਭਰਨ ਵਾਂਗ ਆਖਿਆ ਹੈ।
ਆਪਣੇ ਆਪ ਤੋਂ ਇਹ ਸਵਾਲ ਪੁੱਛੋ ਕਿ ਕੀ ''ਮੈਂ ਆਪਣੇ ਮਸੀਹੀ ਚਲਣ ਤੋਂ ਖੁਸ਼ ਹਾਂ?''

*ਆਓ, ਮੇਰੇ ਨਾਲ ਚੱਲੋ।*